ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਸੀਂ ਰੁਦ੍ਰ ਗਿਆਨ ਯੱਗ ਵਿੱਚ ਬੈਠੇ ਹੋ, ਰੁਦ੍ਰ ਸ਼ਿਵਬਾਬਾ ਤੁਹਾਨੂੰ ਜੋ ਸੁਣਾਉਂਦੇ ਹਨ ਉਹ ਸੁਣਕੇ ਦੂਸਰਿਆਂ ਨੂੰ ਜਰੂਰ ਸੁਣਾਉਣਾ ਹੈ"

ਪ੍ਰਸ਼ਨ:- ਬਾਪ ਨੇ ਵੀ ਯੱਗ ਰਚਿਆ ਹੈ ਅਤੇ ਮਨੁੱਖ ਵੀ ਯੱਗ ਰਚਦੇ ਹਨ - ਦੋਵਾਂ ਵਿੱਚ ਕਿਹੜਾ ਮੁਖ ਅੰਤਰ ਹੈ?

ਉੱਤਰ:- ਮਨੁੱਖ ਰੁਦ੍ਰ ਯੱਗ ਰਚਦੇ ਹਨ ਕਿ ਸ਼ਾਂਤੀ ਹੋਵੇ ਮਤਲਬ ਵਿਨਾਸ਼ ਨਾ ਹੋਵੇ ਪਰ ਬਾਪ ਨੇ ਰੁਦ੍ਰ ਯੱਗ ਰਚਿਆ ਹੈ ਕਿ ਇਸ ਯੱਗ ਨਾਲ ਵਿਨਾਸ਼ ਜਵਾਲਾ ਨਿਕਲੇ ਅਤੇ ਭਾਰਤ ਸਵਰਗ ਬਣੇ। ਬਾਪ ਦੇ ਇਸ ਰੁਦ੍ਰ ਯੱਗ ਤੋਂ ਤੁਸੀਂ ਨਰ ਤੋਂ ਨਾਰਾਇਣ ਮਤਲਬ ਮਨੁੱਖ ਤੋਂ ਦੇਵਤਾ ਬਣ ਜਾਂਦੇ ਹੋ। ਉਸ ਯੱਗ ਨਾਲ ਤੇ ਕੋਈ ਵੀ ਪ੍ਰਾਪਤੀ ਨਹੀਂ ਹੁੰਦੀ ਹੈ।

ਗੀਤ:- ਤੁਮਹਾਰੇ ਬੁਲਾਣੇ ਕੋ ਜੀ ਚਾਹਤਾ ਹੈ...

ਓਮ ਸ਼ਾਂਤੀ। ਇਹ ਕਿੰਨਾ ਮਿੱਠਾ ਗੀਤ ਹੈ ਅਤੇ ਕਿੰਨਾ ਅਰਥ ਸਹਿਤ ਹੈ, ਜੋ ਵਿਸ਼ਾਲ ਬੁੱਧੀ ਵਾਲੇ ਹੋਣੇਗੇ ਉਹ ਚੰਗੀ ਤਰ੍ਹਾਂ ਸਮਝ ਸਕਣਗੇ। ਬੁੱਧੀ ਵੀ ਨੰਬਰਵਨ ਹੈ ਨਾ। ਉਤਮ - ਮੱਧਮ - ਕਨਿਸ਼ਟ ਹੁੰਦੇ ਹਨ। ਉਤਮ ਬੁੱਧੀ ਵਾਲੇ ਇਸਦਾ ਅਰਥ ਚੰਗੀ ਤਰ੍ਹਾਂ ਸਮਝ ਸਕਦੇ ਹਨ। ਤੁਹਾਡੇ ਬੁਲਾਉਣ ਨੂੰ ਜੀ ਚਾਹੁੰਦਾ ਹੈ, ਇਹ ਕੌਣ ਯਾਦ ਕਰਦੇ ਹਨ? (ਬੱਚੇ) ਕਿਹੜੇ ਬੱਚੇ? ਬੱਚੇ ਤੇ ਢੇਰ ਹਨ। ਜੋ ਬ੍ਰਾਹਮਣ ਬਣੇ ਹਨ, ਜੋ ਦੇਵਤੇ ਸੀ, ਜਿਨ੍ਹਾਂ ਨੇ ਹੀ ਪੂਰੇ 84 ਜਨਮ ਲਏ ਹਨ ਉਹਨਾਂ ਨੇ ਹੀ ਜਾਸਤੀ ਬੁਲਾਇਆ ਹੈ। ਉਹ ਹੀ ਸ਼ਿਵ ਅਤੇ ਸੋਮਨਾਥ ਦੇ ਮੰਦਿਰ ਦੀ ਸਥਾਪਨਾ ਕਰਦੇ ਹਨ। ਸਿੱਧ ਹੁੰਦਾ ਹੈ ਅਸੀਂ ਜੋ ਪੂਜਯ ਦੇਵੀ - ਦੇਵਤਾ ਸੀ, ਹੁਣ ਪੁਜਾਰੀ ਬਣੇ ਹਾਂ, ਬਰੋਬਰ ਅਸੀਂ ਪੂਜੀਏ ਸੀ ਫਿਰ ਪੁਜਾਰੀ ਬਣੇ ਤਾਂ ਸੋਮਨਾਥ ਸ਼ਿਵ ਦੀ ਪੂਜਾ ਕਰਦੇ ਹਨ। ਰੁਦ੍ਰ ਯਗ ਬਹੁਤ ਰਚਦੇ ਹਨ, ਰੁਦ੍ਰ ਗਿਆਨ ਯੱਗ ਕਦੀ ਨਹੀਂ ਰਚਦੇ। ਰੁਦ੍ਰ ਯੱਗ ਨਾਮ ਰੱਖਦੇ ਹਨ। ਹੁਣ ਵੀ ਰੁਦ੍ਰ ਯੱਗ ਰਚ ਰਹੇ ਹਨ। ਤੁਸੀਂ ਬਹੁਤ ਚੰਗਾ ਸਮਝਾ ਸਕਦੇ ਹੋ - ਰੁਦ੍ਰ ਕੌਣ ਹਨ? ਕੀ ਰੁਦ੍ਰ ਨੇ ਕਦੀ ਯੱਗ ਰਚਿਆ ਸੀ? ਕਿਵੇਂ ਰਚਿਆ ਫਿਰ ਕੀ ਉਸਦੀ ਸਿੱਧੀ ਹੋਈ? ਇਹ ਤਾਂ ਕੋਈ ਨਹੀਂ ਜਾਣਦੇ। ਤੁਹਾਨੂੰ ਹੁਣ ਗਿਆਨ ਦਾ ਤੀਸਰਾ ਨੇਤ੍ਰ ਮਿਲਿਆ ਹੈ। ਪਰਮਪਿਤਾ ਪਰਮਾਤਮਾ ਦੇ ਸਿਵਾਏ ਗਿਆਨ ਦਾ ਤੀਸਰਾ ਨੇਤ੍ਰ ਕੋਈ ਦੇ ਨਹੀਂ ਸਕਦਾ। ਗਿਆਨ ਸਾਗਰ ਪਰਮਪਿਤਾ ਪਰਮਾਤਮਾ ਨੂੰ ਹੀ ਗਾਇਆ ਜਾਂਦਾ ਹੈ। ਮਨੁੱਖ ਨੂੰ ਗਿਆਨ ਸਾਗਰ ਨਹੀਂ ਕਹਿ ਸਕਦੇ। ਹੁਣ ਤੁਸੀਂ ਜਾਣਦੇ ਹੋ ਸਾਨੂੰ ਦਾਦੇ ਦਾ ਵਰਸਾ ਮਿਲ ਰਿਹਾ ਹੈ ਜਿਸਨੂੰ ਹੀ ਯਾਦ ਕਰਦੇ ਹਨ ਕਿ ਬਾਬਾ ਆਕੇ ਅਵਿਨਾਸ਼ੀ ਗਿਆਨ ਰਤਨਾਂ ਦਾ ਦਾਨ ਕਰੋ। ਫਿਰ ਅਸੀਂ ਵੀ ਦਾਨ ਲੈਕੇ ਹੋਰਾਂ ਨੂੰ ਦਾਨ ਕਰਾਂਗੇ। ਬਹੁਤ ਸਹਿਜ ਹੈ। ਸਿਰਫ਼ ਯਾਦ ਦਵਾਓਗੇ ਕਿ ਤੁਹਾਡੇ ਦੋ ਬਾਪ ਹਨ। ਭਗਤੀ ਮਾਰਗ ਵਿੱਚ ਦੋ ਬਾਪ ਹੋ ਜਾਂਦੇ ਹਨ। ਸਤਿਯੁਗ - ਤ੍ਰੇਤਾ ਵਿੱਚ ਲੌਕਿਕ ਬਾਪ ਹੀ ਹੁੰਦਾ ਹੈ। ਉੱਥੇ ਵਰਸਾ ਵੀ ਤੁਸੀਂ ਇਸ ਸਮੇਂ ਦੇ ਪੁਰਸ਼ਾਰਥ ਅਨੁਸਾਰ ਪਾਉਂਦੇ ਹੋ। ਤਾਂ ਤੁਸੀਂ ਬੱਚਿਆਂ ਦਾ ਮੱਥਾ ਫਿਰਨਾ ਚਾਹੀਦਾ ਹੈ। ਇਵੇਂ - ਇਵੇਂ ਦੀ ਜਗ੍ਹਾ ਤੇ ਜਾਕੇ ਪੁੱਛਣਾ ਚਾਹੀਦਾ ਹੈ ਕਿ ਰੁਦ੍ਰ ਯੱਗ ਕਿਸਨੇ ਰਚਿਆ ਸੀ? ਕੀ ਰੁਦ੍ਰ ਗਿਆਨ ਯੱਗ ਹੈ ਜਾਂ ਰੁਦ੍ਰ ਯਗ ਹੈ? ਅਸਲ ਨਾਮ ਹੈ ਰੁਦ੍ਰ ਗਿਆਨ ਯੱਗ। ਰੁਦ੍ਰ ਤਾਂ ਹੈ ਨਿਰਾਕਾਰ। ਉਹ ਕਿਵੇਂ ਯੱਗ ਰਚੇਗਾ? ਜਰੂਰ ਸ਼ਰੀਰ ਧਾਰਨ ਕਰਨਾ ਪਵੇ। ਦਕਸ਼ ਪ੍ਰਜਾਪਿਤਾ ਦਾ ਯੱਗ ਵੀ ਮਨਾਉਂਦੇ ਆਉਂਦੇ ਹਨ। ਦਿਖਾਉਂਦੇ ਹਨ ਦਕਸ਼ ਪ੍ਰਜਾਪਿਤਾ ਵਿੱਚ ਅਸਵ ਨੂੰ ਸਵਾਹਾ ਕਰਦੇ ਹਨ। ਘੋੜੇ ਦੇ ਟੁਕੜੇ - ਟੁਕੜੇ ਕਰ ਸਾੜਦੇ ਹਨ। ਉਹਨਾਂ ਨੂੰ ਦਕਸ਼ ਪ੍ਰਜਾਪਿਤਾ ਯੱਗ ਕਹਿੰਦੇ ਹਨ। ਇਹ ਤੁਸੀਂ ਹੁਣ ਜਾਣਦੇ ਹੋ ਤਾਂ ਉੱਥੇ ਲਿਖਣਾ ਚਾਹੀਦਾ ਹੈ ਇਹ ਕਿਹੜਾ ਯੱਗ ਹੈ? ਬੜਾ ਭਭਕੇ ਨਾਲ ਯੱਗ ਕਰਦੇ ਹਨ। ਬਹੁਤ ਪੈਸੇ ਇਕੱਠੇ ਕਰਦੇ ਹਨ। ਵੱਡੇ - ਵੱਡੇ ਆਦਮੀ ਦਾਨ ਕਰਦੇ ਹਨ। ਕੋਈ 100 ਨਿਕਾਲਦੇ, ਕੋਈ 500 ਨਿਕਲਦੇ। ਇਸ ਰੁਦ੍ਰ ਗਿਆਨ ਯੱਗ ਵਿੱਚ ਤਾਂ ਤੁਸੀਂ ਸਾਰੇ ਵਿਸ਼ਵ ਨੂੰ ਸਵਾਹਾ ਹੁੰਦੇ ਹੋ। ਉਸ ਵਿੱਚ ਤਾਂ ਥੋੜਾ - ਥੋੜਾ ਪੈਸਾ ਨਿਕਾਲ ਇਕੱਠਾ ਕਰਦੇ ਹਨ ਫਿਰ ਬ੍ਰਾਹਮਣ ਨੂੰ ਦਕ੍ਸ਼ਿਣਾ ਮਿਲਦੀ ਹੈ। ਇੱਥੇ ਤਾਂ ਤੁਹਾਨੂੰ ਸਵਾਹਾ ਹੋਣਾ ਪੈਂਦਾ ਹੈ। ਉੱਥੇ ਸਵਾਹਾ ਹੋਣ ਦੀ ਕੋਈ ਗੱਲ ਨਹੀਂ। ਇੱਥੇ ਬੱਚੇ ਕਹਿੰਦੇ ਹਨ ਬਾਬਾ ਤਨ - ਮਨ - ਧਨ ਸਹਿਤ ਮੈਂ ਆਉਂਦਾ ਹਾਂ, ਉੱਥੇ ਇਵੇਂ ਨਹੀਂ ਕਹਾਂਗੇ। ਆਹੂਤੀ ਵਿੱਚ ਕਦੀ ਇਵੇਂ ਨਹੀਂ ਪਾਉਂਦੇ। ਆਰਤੀ ਆਦਿ ਹੋਵੇਗੀ, ਚੰਦਾ ਚੀਰਾ ਹੋਵੇਗਾ। ਵੱਡਿਆਂ - ਵੱਡਿਆਂ ਤੋਂ ਲੈਂਦੇ ਹਨ। ਤੁਸੀਂ ਬੱਚੇ ਜਾਣਦੇ ਹੋ ਇਸ ਰੁਦ੍ਰ ਗਿਆਨ ਯੱਗ ਨਾਲ ਹੀ ਵਿਨਾਸ਼ ਜਵਾਲਾ ਪ੍ਰਜਵਲਿਤ ਹੋਈ ਹੈ। ਉਹ ਯੱਗ ਰਚਦੇ ਹਨ ਸ਼ਾਂਤੀ ਦੇ ਲਈ, ਵਿਨਾਸ਼ ਦੇ ਲਈ ਨਹੀਂ। ਉੱਥੇ ਸ਼ਾਂਤੀ ਦਾ ਵੱਡਾ ਆਵਾਜ਼ ਕਰਦੇ ਹਨ। ਸ਼ਾਂਤੀ ਤੇ ਸਾਰੀ ਦੁਨੀਆਂ ਵਿੱਚ ਚਾਹੀਦੀ ਹੈ ਨਾ। ਪਰਮਾਤਮਾ ਹੈ ਸ਼ਾਂਤੀ ਦਾ ਸਾਗਰ। ਤੁਸੀਂ ਬਚਿਆਂ ਨੂੰ ਅਰਥ ਸਮਝਾਇਆ ਜਾਂਦਾ ਹੈ। ਅਖ਼ਬਾਰ ਪੜ੍ਹਦੇ ਹੋ ਤਾਂ ਖਿਆਲ ਚਲਣਾ ਚਾਹੀਦਾ ਹੈ - ਕਿਵੇਂ ਅਸੀਂ ਸਭਨੂੰ ਸਮਝਾਇਏ।

ਬਾਪ ਜਾਣਦੇ ਹਨ ਕਿਵੇਂ ਬੀ.ਕੇ. ਦੁਕਾਨ ਸੰਭਾਲ ਰਹੇ ਹਨ। ਸੇਠ ਦਾ ਕਿਹੜਾ ਦੁਕਾਨ ਚੰਗਾ ਚੱਲਦਾ ਹੈ, ਕਿਹੜਾ ਮੈਨੇਜਰ ਚੰਗਾ ਹੈ, ਉਹ ਤਾਂ ਗੁੜ ਜਾਣੇ ਜਾਂ ਗੁੜ ਦੀ ਗੋਥਰੀ ਜਾਣੇ। ਇਹ ਬ੍ਰਹਮਾ ਹੈ ਗੋਥਰੀ। ਇਹ ਬੜੀ ਰਮਣੀਕ ਗੱਲਾਂ ਹਨ। ਤਾਂ ਰੁਦ੍ਰ ਗਿਆਨ ਯੱਗ ਦੇ ਲਈ ਤਾਂ ਲਿਖਿਆ ਹੋਇਆ ਹੈ ਇਸ ਨਾਲ ਵਿਨਾਸ਼ ਜਵਾਲਾ ਨਿਕਲੀ। ਉਹ ਯੱਗ ਕਰਦੇ ਹਨ ਸ਼ਾਂਤੀ ਦੇ ਲਈ। ਇਹ ਹੈ ਸੱਚਾ - ਸੱਚਾ ਗਿਆਨ ਯੱਗ। ਉਹਨਾਂ ਬ੍ਰਾਹਮਣਾਂ ਦੇ ਤਾਂ ਅਨੇਕ ਸੇਠ ਹੁੰਦੇ ਹਨ। ਇਹ ਤੁਸੀਂ ਬ੍ਰਾਹਮਣਾਂ ਦੇ ਲਈ ਇੱਕ ਹੀ ਸੇਠ ਹੈ। ਬਾਪ ਹੈ ਰੁਦ੍ਰ। ਰੁਦ੍ਰ ਬਾਪ ਕਹੋ, ਸ਼ਿਵ ਕਹੋ, ਸੋਮਨਾਥ ਕਹੋ, ਉਸ ਨੇ ਗਿਆਨ ਯੱਗ ਰਚਿਆ ਹੈ, ਜਿਸ ਵਿੱਚ ਤੁਸੀਂ ਬੈਠੇ ਹੋ। ਉਹ ਯੱਗ ਤਾਂ ਦੋ - ਚਾਰ ਦਿਨ ਚੱਲੇਗਾ। ਤੁਹਾਡਾ ਉਹ ਰੁਦ੍ਰ ਗਿਆਨ ਯੱਗ ਤੋਂ ਬਹੁਤ ਵੱਡਾ ਹੈ। ਉਸ ਨਾਲ ਟਾਇਮ ਲੱਗਦਾ ਹੈ। ਇਹ ਹੈ ਨਰ ਤੋਂ ਨਾਰਾਇਣ ਮਤਲਬ

ਮਨੁੱਖ ਤੋਂ ਦੇਵਤਾ ਬਣਨ ਦਾ ਯੱਗ। ਉਹ ਤਾਂ ਇਵੇਂ ਨਹੀਂ ਕਹਿਣਗੇ। ਬਾਪ ਬੈਠ ਸਮਝਾਉਂਦੇ ਹਨ ਕਿਵੇਂ ਉਹਨਾਂ ਨੂੰ ਸਾਵਧਾਨ ਕਰੋ। ਵੱਡੇ - ਵੱਡਿਆਂ ਨੂੰ ਬੋਲੋ - ਇਹ ਤੁਸੀਂ ਜੋ ਯੱਗ ਰਚਦੇ ਹੋ, ਉਸ ਵਿੱਚ ਭੁੱਲ ਹੈ। ਪਰਮਪਿਤਾ ਪਰਮਾਤਮਾ ਕਲਪ - ਕਲਪ ਸੰਗਮ ਤੇ ਆਉਂਦੇ ਹਨ। ਸ਼ਾਸਤਰਾਂ ਵਿੱਚ ਯੁਗੇ - ਯੁਗੇ ਲਿਖ ਦਿੱਤਾ ਹੈ। ਇਹ ਭੁੱਲ ਕਰ ਦਿੱਤੀ ਹੈ। ਉਵੇਂ ਹੀ ਰੁਦ੍ਰ ਯੱਗ ਰਚਦੇ ਹਨ। ਅਸਲ ਵਿੱਚ ਰੁਦ੍ਰ ਗਿਆਨ ਯੱਗ ਹੈ। ਸ਼ਿਵ ਦਾ ਨਾਮ ਹੈ ਰੁਦ੍ਰ, ਉਸ ਵਿਹ ਹੀ ਗਿਆਨ ਯੱਗ ਰਚਿਆ ਹੈ। ਜਿਵੇਂ ਇਬਰਾਹੀਮ ਨੇ ਆਪਣਾ ਇਸਲਾਮ ਧਰਮ ਸਥਾਪਨ ਕੀਤਾ, ਬੁੱਧ ਨੇ ਬੋਧੀ ਧਰਮ ਸਥਾਪਨ ਕੀਤਾ, ਉਵੇਂ ਰੁਦ੍ਰ ਦਾ ਹੈ ਗਿਆਨ ਯੱਗ ਜਿਸ ਨਾਲ ਵਿਨਾਸ਼ ਜਵਾਲਾ ਪ੍ਰਜਵਲਿਤ ਹੋਵੇਗੀ। ਤਾਂ ਗੋਇਆ ਉਹ ਲੋਕ ਸ਼ਾਂਤੀ ਦੇ ਲਈ ਯੱਗ ਰਚਦੇ ਹਨ ਮਤਲਬ ਵਿਨਾਸ਼ ਨਹੀਂ ਚਾਹੁੰਦੇ। ਸਵਰਗ ਦੀ ਸਥਾਪਨਾ ਦੇ ਲਈ ਨਰਕ ਦਾ ਵਿਨਾਸ਼ ਹੋਵੇ, ਤਾਂ ਚੰਗਾ ਹੀ ਹੈ ਨਾ।

ਭਾਰਤ ਹੈ ਅਵਿਨਾਸ਼ੀ ਖੰਡ। ਜਰੂਰ ਭਾਰਤ ਦੇ ਮਨੁੱਖ ਸੰਪ੍ਰਦਾਈ ਬਹੁਤ ਜ਼ਿਆਦਾ ਹੋਣੇ ਚਾਹੀਦੇ ਹਨ। ਆਦਿ ਸਨਾਤਨ ਦੇਵੀ - ਦੇਵਤਾ ਧਰਮ ਸੀ। ਉਹਨਾਂ ਨੂੰ ਸਾਰਾ ਕਲਪ ਹੋਇਆ ਹੈ। ਸ਼ਾਸਤਰਾਂ ਵਿੱਚ 33 ਕਰੋੜ ਲਿਖ ਦਿੱਤਾ ਹੈ। ਪਰ ਇਹ ਤਾਂ ਸਮਝਣਾ ਚਾਹੀਦਾ ਹੈ - ਜਰੂਰ ਹੋਰ ਧਰਮ ਵਾਲਿਆਂ ਤੋਂ ਦੇਵਤਾ ਧਰਮ ਦੀ ਆਦਮਸ਼ੁਮਾਰੀ ਜਾਸਤੀ ਹੋਵੇਗੀ, ਪਰ ਉਹ ਕਨਵਰਟ ਹੋ ਗਏ ਹਨ ਤਾਂ ਕਿਵੇਂ ਨਿਕਲਣ। ਬੁੱਧੀ, ਕ੍ਰਿਸ਼ਚਨ, ਮੁਸਲਮਾਨ ਆਦਿ ਜਾਕੇ ਢੇਰ ਬਣੇ ਹਨ, ਇਸਲਈ ਥੋੜੀ ਸੰਖਿਆ ਹੋ ਜਾਂਦੀ ਹੈ। ਇਹ ਵੀ ਡਰਾਮਾ। ਇਸ ਵਿੱਚ ਸਮਝਣ ਦੀ ਬੜੀ ਵਿਸ਼ਾਲ ਬੁੱਧੀ ਚਾਹੀਦੀ ਹੈ। ਜਦੋਂ ਤੱਕ ਬੁੱਧੀ ਵਿੱਚ ਗਿਆਨ ਨਹੀਂ ਬੈਠਿਆ ਹੈ ਤਾਂ ਸਿਰਫ਼ ਅਰਪਣਮਯ ਹੋਣ ਨਾਲ ਕੀ ਫਾਇਦਾ? ਅਰਪਣਮਯ ਤਾਂ ਢੇਰ ਬਣਦੇ ਹਨ ਪਰ ਜੋ ਚੰਗੀ ਤਰ੍ਹਾਂ ਧਾਰਨਾ ਕਰਦੇ ਅਤੇ ਕਰਾਉਂਦੇ ਹਨ, ਪ੍ਰਜਾ ਬਣਾਉਂਦੇ ਹਨ ਉਹ ਚੰਗੀ ਪਦਵੀ ਪਾ ਸਕਦੇ ਹਨ।

ਤਾਂ ਇਹ ਗੀਤ ਏਕੁਰੇਟ ਹੈ - ਬੁਲਾਉਣ ਨੂੰ ਜੀ ਚਾਹੁੰਦਾ ਹੈ...। ਸਭ ਤੋਂ ਪਹਿਲੇ 84 ਜਨਮ ਕਿਸਨੇ ਲਏ ਹੋਣਗੇ? ਜੋ ਪਹਿਲੇ - ਪਹਿਲੇ ਸੀ, ਉਹ ਹੀ ਦੇਵੀ - ਦੇਵਤੇ। ਸੋ ਵੀ ਭਾਰਤ ਵਿੱਚ ਸਨ। ਹੁਣ ਤਾਂ ਕੋਈ ਕਿੱਥੇ, ਕੋਈ ਕਿੱਥੇ ਕਨਵਰਟ ਹੋ ਗਏ ਹਨ। ਕਈ ਤਾਂ ਭਾਰਤ ਤੋਂ ਬਾਹਰ ਚਲੇ ਗਏ ਹਨ। ਨਹੀਂ ਤਾਂ ਅਸਲ ਵਿੱਚ ਭਾਰਤ ਵਰਗੇ ਵੱਡੇ ਤੇ ਵੱਡੇ ਤੀਰਥ ਹੋਰ ਕੋਈ ਹੈ ਨਹੀਂ। ਅਤੇ ਸਭ ਧਰਮ ਸੰਸਥਾਪਕ ਜੋ ਹਨ ਉਹਨਾਂ ਨੂੰ ਵੀ ਪਾਵਨ ਬਣਾਉਣ ਦੇ ਲਈ ਭਗਵਾਨ ਨੂੰ ਭਾਰਤ ਵਿੱਚ ਆਉਣਾ ਪੈਂਦਾ ਹੈ ਸਭ ਪਤਿਤ ਹਨ, ਸਭਨੂੰ ਪਾਵਨ ਬਣਾਉਣ ਵਾਲਾ ਇੱਕ ਹੈ। ਇਹ ਤੁਸੀਂ ਜਾਣਦੇ ਹੋ। ਤੁਹਾਡੇ ਵਿੱਚ ਨੰਬਰਵਾਰ ਪੂਰੀ ਤਰ੍ਹਾਂ ਜਾਨ ਸਕਦੇ ਹਨ। ਤੁਸੀਂ ਕਹੋਗੇ ਅਸੀਂ ਰੁਦ੍ਰ ਗਿਆਨ ਯੱਗ ਵਿੱਚ ਬੈਠੇ ਹੈਂ, ਅਜਿਹਾ ਕੋਈ ਯੱਗ ਹੁੰਦਾ ਹੈ ਕੀ, ਜਿਸ ਵਿਚ ਇਨਾਂ ਸਮਾਂ ਬੈਠੇ ਹੋ? ਕੀ ਬੈਠ ਕਰਦੇ ਹੋ? ਰੁਦ੍ਰ ਜੋ ਗਿਆਨ ਸੁਣਾਉਂਦੇ ਹਨ ਉਹ ਸੁਣਦੇ ਹੀ ਰਹਿੰਦੇ ਹੋ। ਜਿੱਥੇ ਤੱਕ ਰੁਦ੍ਰ ਬਾਬਾ ਇਸ ਸ਼ਰੀਰ ਵਿੱਚ ਹਨ, ਸੁਣਾਉਂਦੇ ਹੀ ਰਹਿਣਗੇ। ਪ੍ਰਜਾਪਿਤਾ ਬ੍ਰਹਮਾ ਵੀ ਤਾਂ ਜਰੂਰ ਇੱਥੇ ਹੋਵੇਗਾ ਨਾ। ਬ੍ਰਹਮਾ ਦਾ ਦਿਨ ਅਤੇ ਬ੍ਰਹਮਾ ਦੀ ਰਾਤ ਗਾਈ ਹੋਈ ਹੈ। ਸੂਕ੍ਸ਼੍ਮਵਤਨਵਾਸੀ ਬ੍ਰਹਮਾ ਦਾ ਥੋੜੀਹੀ ਦਿਨ ਅਤੇ ਰਾਤ ਬਣਾਉਣਗੇ। ਉਹ ਤਾਂ ਸੂਕ੍ਸ਼੍ਮਵਤਨਵਾਸੀ ਦੇਵਤਾ ਹਨ। ਦਿਨ ਅਤੇ ਰਾਤ ਦਾ ਪ੍ਰਸ਼ਨ ਇੱਥੇ ਦਾ ਹੈ। ਬ੍ਰਹਮਾ ਦੀ ਰਾਤ ਮਾਨਾ ਪਤਿਤ। ਫਿਰ ਉਹ ਹੀ ਪਾਵਨ ਬਣਦੇ ਹਨ ਤਾਂ ਦਿਨ ਹੁੰਦਾ ਹੈ। ਬ੍ਰਹਮਾ ਨੂੰ ਵੀ ਪਾਵਨ ਬਣਾਉਣ ਵਾਲਾ ਉਹ ਇੱਕ ਸਤਿਗੁਰੂ ਹੈ। ਸਤ ਬਾਬਾ, ਸਤ ਟੀਚਰ, ਸਤਿਗੁਰੂ ਤਿੰਨੋ ਇਕੱਠੇ ਹਨ। ਪਹਿਲੇ ਜਰੂਰ ਬਾਪ ਦੇ ਬੱਚੇ ਹੋਣਗੇ ਫਿਰ ਪਦਵੀ ਟੀਚਰ ਕੋਲੋਂ ਪਾਉਣਗੇ। ਨੰਬਰਵਨ ਹੈ ਨਾ। ਇਹ ਵੀ ਬੁੱਧੀ ਵਿੱਚ ਰਹੇ ਤਾਂ ਕਿੰਨੀ ਖੁਸ਼ੀ ਰਹੇ। ਤੁਸੀਂ ਪਹਿਲੇ ਬੇਹੱਦ ਦੇ ਬਾਪ ਸੀ ਨਾ। ਇੱਥੇ ਆਏ ਹੋ ਪਾਰ੍ਰ ਵਜਾਉਣ। ਭਗਤੀ ਮਾਰਗ ਵਿੱਚ ਬੇਹੱਦ ਦੇ ਬਾਪ ਨੂੰ ਯਾਦ ਕਰਦੇ ਆਏ ਹੋ ਕਿਉਂਕਿ ਉਹ ਹੈ ਸਵਰਗ ਦਾ ਰਚਿਯਤਾ। ਜਰੂਰ ਸਵਰਗ ਦੀ ਰਾਜਾਈ ਦੇਣ ਵਾਲਾ ਹੋਵੇਗਾ। ਇਹ ਸਮਝਾਉਣਾ ਤਾਂ ਬੜਾ ਸਹਿਜ ਹੈ। ਸੈਂਸੀਬੁਲ ਹੀ ਸਮਝਾ ਸਕਨਗੇ। ਅਸਲ ਵਿੱਚ ਸੈਂਸੀਬਲ ਤੁਸੀਂ ਬ੍ਰਾਹਮਣ ਹੋ। ਤੁਹਾਡੇ ਵਿੱਚ ਜੋ ਅਕਲਮੰਦ ਹਨ, ਉਸ ਵਿੱਚ ਵੀ ਨੰਬਰਵਾਰ ਹਨ। ਦੁਨੀਆਂ ਦੇ ਅਕਲਮੰਦ ਵੀ ਨੰਬਰਵਾਰ ਹਨ ਨਾ। ਇੱਥੇ ਵੀ ਜੋ ਸੈਂਸੀਬੁਲ ਬਣਦੇ ਜਾਣਗੇ ਉਹ ਜਰੂਰ ਚੰਗਾ ਨੰਬਰ ਪਾਉਣਗੇ। ਹਰ ਇੱਕ ਆਪਣੀ ਦਿਲ ਕੋਲੋਂ ਪੁੱਛੇ ਅਸੀਂ ਕਿਥੋਂ ਤੱਕ ਸੈਂਸੀਬੁਲ ਬਣੇ ਹਾਂ? ਜਿਵੇਂ ਬਾਬਾ ਮੁਰਲੀ ਚਲਾਉਂਦੇ ਹਨ ਉਵੇਂ ਉੱਥੇ ਵੀ ਮੁਰਲੀ ਚਲ ਸਕਦੀ ਹੈ। ਤੁਸੀਂ ਉਹਨਾਂ ਨੂੰ ਸਮਝਾਓ ਕਿ ਰੁਦ੍ਰ ਯੱਗ ਅਤੇ ਰੁਦ੍ਰ ਗਿਆਨ ਯੱਗ ਵਿੱਚ ਰਾਤ - ਦਿਨ ਦਾ ਫ਼ਰਕ ਹੈ। ਰੁਦ੍ਰ ਯੱਗ ਰਚਿਆ ਤਾਂ ਉਸ ਨਾਲ ਵਿਨਾਸ਼ ਜਵਾਲਾ ਨਿਕਲੀ, ਭਾਰਤ ਸਵਰਗ ਬਣਿਆ ਅਤੇ ਇਹ ਫਿਰ ਯੱਗ ਰਚਦੇ ਹਨ ਵਿਨਾਸ਼ ਨਾ ਹੋਵੇ ਮਤਲਬ ਸਵਰਗ ਸਥਾਪਨ ਨਾ ਹੋਵੇ। ਇਹ ਤਾਂ ਉਲਟੀ ਗੱਲ ਹੋ ਗਈ। ਤਾਂ ਤੇ ਬਾਬਾ ਕਹਿੰਦੇ ਹਨ ਮੈਂ ਇਹਨਾਂ ਸਭਦਾ ਉਦਾਰ ਕਰਨ ਆਉਂਦਾ ਹਾਂ। ਰੁਦ੍ਰ ਗਿਆਨ ਯੱਗ ਰਚਦਾ ਹਾਂ। ਤਾਂ ਤੁਸੀਂ ਪ੍ਰਤਿਗਿਆ ਕਰਦੇ ਹੋ - ਬਾਬਾ, ਅਸੀਂ ਤੁਹਾਡੇ ਕੋਲੋਂ ਸੁਣਕੇ ਅਤੇ ਸੁਣਾਵਾਂਗੇ। ਅੱਛਾ, ਹੋਰਾਂ ਨੂੰ ਸੁਣਾਓ। ਪਹਿਲੇ ਇੱਥੇ ਤੇ ਰਿਪਿਟ ਕਰੋ। ਘੜੀ - ਘੜੀ ਰਿਪੀਟ ਕਰੋ ਜੋ ਫਿਰ ਕਿਤੇ ਸਮਝਾ ਸਕੋ। ਫਸਟਕਲਾਸ ਪੁਆਇੰਟ ਹੈ। ਉਸ ਯੱਗ ਵਿੱਚ ਤਾਂ ਜੌਂ - ਤਿਲ ਆਦਿ ਪਾਉਂਦੇ ਹਨ, ਮੇਰੇ ਰੁਦ੍ਰ ਗਿਆਨ ਯੱਗ ਵਿੱਚ ਤਾਂ ਸਾਰੀ ਪੁਰਾਣੀ ਦੁਨੀਆਂ ਦੀ ਸਮਗ੍ਰੀ ਸਵਾਹਾ ਹੋਈ ਸੀ। ਪਰ ਇਹ ਸਭ ਗੱਲਾਂ ਕਿਸੇ ਦੀ ਬੁੱਧੀ ਵਿੱਚ ਚੰਗੀ ਤਰ੍ਹਾਂ ਧਾਰਨ ਨਹੀਂ ਹੁੰਦੀਆਂ। ਬਾਪ ਨੂੰ ਯਾਦ ਨਹੀਂ ਕਰਦੇ ਤਾਂ ਬੁੱਧੀ ਦਾ ਤਾਲਾ ਨਹੀਂ ਖੁਲ੍ਹਦਾ। ਬਾਬਾ ਕਹਿੰਦੇ ਹਨ - ਅਸੀਂ ਵੀ ਕੀ ਕਰੀਏ? ਇਸ ਸਮੇਂ ਸਭਦੀ ਬੁੱਧੀ ਪਤਿਤ ਹੈ, ਉਸਨੂੰ ਪਾਵਨ ਬਣਾਉਂਦਾ ਹਾਂ। ਜੋ ਮੇਰੇ ਨੂੰ ਯਾਦ ਨਹੀਂ ਕਰਦੇ, ਉਹਨਾਂ ਵਿੱਚ ਧਾਰਨਾ ਨਹੀਂ ਹੋ ਸਕਦੀ। ਬੁੱਧੀ ਦਾ ਤਾਲਾ ਕਿਵੇਂ ਖੁਲ੍ਹੇ? ਯਾਦ ਨਾਲ ਹੀ ਖੁਲ੍ਹੇਗਾ। ਮੋਸ੍ਟ ਬਿਲਵਰਡ ਬਾਪ ਹੈ, ਉਹਨਾਂ ਦੀ ਬੜੀ ਮਹਿਮਾ ਕਰਦੇ ਹਨ। ਸ਼ਿਵਬਾਬਾ ਦੀ ਕਿੰਨੀ ਮਹਿਮਾ ਹੈ। ਸ਼ਿਵ ਦੀ ਪੂਜਾ ਵੀ ਹੁੰਦੀ ਹੈ, ਤਾਂ ਜਰੂਰ ਆਉਂਦਾ ਹੋਵੇਗਾ ਨਾ। ਬਿਗਰ ਆਰਗੰਸ ਕੀ ਆਕੇ ਕਰਨਗੇ? ਤਾਂ ਹੁਣ ਬ੍ਰਹਮਾ ਵਿੱਚ ਆਇਆ ਹੋਇਆ ਹੈ। ਤੁਸੀਂ ਬੱਚੇ ਬਾਪਦਾਦਾ ਦੇ ਸਾਹਮਣੇ ਬੈਠੇ ਹੋਏ ਹੋ ਪਰ ਦੇਹ - ਅਭਿਮਾਨ ਹੋਣ ਕਾਰਨ ਇਨਾਂ ਲਵ, ਬਾਪ ਦੇ ਲਈ ਰਿਗਾਰ੍ਡ ਨਹੀਂ ਰਹਿੰਦਾ। ਡਾਇਰੈਕਸ਼ਨ ਤੇ ਮੁਸ਼ਕਿਲ ਚੱਲਦੇ ਹਨ। ਹੰਕਾਰ ਵਿੱਚ

ਆ ਜਾਂਦੇ ਹਨ। ਬਾਪ ਕਹਿੰਦੇ ਹਨ - ਮੈਂ ਨਿਰਹੰਕਾਰੀ ਹਾਂ, ਤੁਹਾਨੂੰ ਇਨਾਂ ਹੰਕਾਰ ਕਿਉਂ ਆਉਂਦਾ ਹੈ? ਬਸ, ਸਮਝਦੇ ਹਨ ਮੈਂ ਹੀ ਹੁਸ਼ਿਆਰ ਹਾਂ। ਇਨਾਂ ਦੇਹ - ਅਭਿਮਾਨ ਆ ਜਾਂਦਾ ਹੈ।

ਹੁਣ ਕਿਸੇ ਦਾ ਪਤੀ ਮਰ ਜਾਂਦਾ ਹੈ ਤਾਂ ਉਸਦੀ ਦੇਹ ਖ਼ਤਮ ਹੋ ਗਈ। ਬਾਕੀ ਆਤਮਾ ਨਿਕਲ ਗਈ ਫਿਰ ਬ੍ਰਾਹਮਣ ਵਿੱਚ ਆਤਮਾ ਨੂੰ ਬੁਲਾਉਂਦੇ ਹਨ। ਦੇਹ ਨੂੰ ਤਾਂ ਨਹੀਂ ਬੁਲਾਉਂਦੇ। ਭਾਵਨਾ ਰੱਖਦੇ ਹਨ ਤਾਂ ਭਾਵਨਾ ਦਾ ਭਾੜਾ ਮਿਲਦਾ ਹੈ। ਪਤੀ ਨੂੰ ਯਾਦ ਕਰਦੇ ਰਹੇ ਤਾਂ ਪਤੀ ਦਾ ਸਾਕਸ਼ਾਤਕਾਰ ਕਰ ਲੈਣਗੇ। ਬਾਬਾ ਸਾਕਸ਼ਾਤਕਾਰ ਤਾਂ ਕਰਾਉਂਦੇ ਹਨ ਨਾ। ਇਵੇਂ ਬਹੁਤਿਆਂ ਦਾ ਪਿਆਰ ਹੁੰਦਾ ਹੈ। ਆਏਗੀ ਤਾਂ ਆਤਮਾ ਨਾ। ਕਿਸੇ ਦਾ ਇਸਤਰੀ ਨਾਲ ਪਿਆਰ ਹੁੰਦਾ ਹੈ ਤਾਂ ਭਾਵਨਾ ਦਾ ਭਾੜਾ ਮਿਲ ਜਾਂਦਾ ਹੈ। ਇਸਤਰੀ ਨੂੰ ਦੇਖ ਲੈਂਦੇ ਹਨ। ਚੀਜ਼ ਲੈ ਆਉਂਦੇ ਹਨ, ਖੁਦ ਉਹਨਾਂ ਨੂੰ ਪੁਵਾਉਂਦੇ ਹਨ। ਇਵੇਂ ਬਹੁਤ ਕੁਝ ਹੁੰਦਾ ਆਇਆ ਹੈ। ਅੱਗੇ ਬਹੁਤ ਵਿਧੀ ਨਾਲ ਖਵਾਉਂਦੇ ਸਨ। ਜਿਵੇਂ ਗਣੇਸ਼ ਨੂੰ ਮਤਲਬ ਨਾਨਕ ਆਦਿ ਨੂੰ ਯਾਦ ਕਰਦੇ ਹਨ ਤਾਂ ਸਾਕਸ਼ਾਤਕਾਰ ਹੋ ਜਾਂਦਾ ਹੈ, ਇਵੇਂ ਬਹੁਤਿਆਂ ਨੂੰ ਹੋ ਸਕਦਾ ਹੈ। ਪਰ ਉਹ ਚਾਬੀ ਇੱਕ ਹੀ ਬਾਪ ਦੇ ਹੱਥ ਵਿੱਚ ਹੈ। ਬਾਪ ਕਹਿੰਦੇ ਹਨ ਇਹ ਸਾਕਸ਼ਾਤਕਾਰ ਦੀਆਂ ਗੱਲਾਂ ਵੀ ਡਰਾਮੇ ਵਿੱਚ ਨੂੰਧੀਆਂ ਹੋਇਆ ਹਨ। ਸਾਕਸ਼ਾਤਕਾਰ ਕਰਾਇਆ, ਡਰਾਮਾ ਚੱਲਿਆ, ਠਹਿਰਦਾ ਨਹੀਂ ਹੈ। ਡਰਾਮੇ ਨੂੰ ਵੀ ਚੰਗੀ ਤਰ੍ਹਾਂ ਜਾਨਣਾ ਹੁੰਦਾ ਹੈ। ਅਰੇ, ਬਾਬਾ ਦਾ ਤਾਂ ਚੰਗੀ ਤਰ੍ਹਾਂ ਰਿਗਾਰ੍ਡ ਰੱਖੋ। ਬਾਪ ਵਿੱਚ ਇਨਾਂ ਰਿਗਾਰ੍ਡ ਪਿਆਰ ਰੱਖਣਾ ਬੜਾ ਮੁਸ਼ਕਿਲ ਸਮਝਦੇ ਹਨ, ਸਮਝਦੇ ਹਨ ਉਹ ਤਾਂ ਨਿਰਾਕਾਰ ਹੈ। ਕਹਿੰਦੇ ਹਨ ਇਹ ਤਾਂ ਉਹਨਾਂ ਦਾ ਰੱਥ ਹੈ, ਇਹਨਾਂ ਨੂੰ ਅਸੀਂ ਕੀ ਕਰਾਂਗੇ? ਅਸੀਂ ਤਾਂ ਨਿਰਾਕਾਰ ਨੂੰ ਯਾਦ ਕਰਾਂਗੇ। ਅੱਛਾ, ਨਿਰਾਕਾਰ ਦੀ ਗੋਦ ਵਿੱਚ ਜਾਕੇ ਦਿਖਾਓ? ਨਿਰਾਕਾਰ ਨਾਲ ਖਾਓ, ਪੀਓ। ਤੁਸੀਂ ਇਹਨਾਂ ਦੇ ਕੋਲ ਕਿਉਂ ਆਉਂਦੇ ਹੋ? ਕਹਿੰਦੇ ਹਨ - ਨਹੀਂ ਬਾਬਾ, ਤੁਸੀਂ ਇਸ ਵਿੱਚ ਹੋ, ਤੁਹਾਨੂੰ ਹੀ ਇਸ ਵਿੱਚ ਵਿਰਜਮਾਨ ਸਮਝ ਚੱਲਦੇ ਹਾਂ। ਇਹ ਬੜਾ ਮੁਸ਼ਕਿਲ ਕਿਸੇਦੀ ਬੁੱਧੀ ਵਿੱਚ ਰਹਿੰਦਾ ਹੈ। ਅਜਿਹੇ ਬਹੁਤ ਹਨ ਜੋ ਗੋਪੋੜੇ ਲਗਾਉਂਦੇ ਹਨ - ਸਾਡਾ ਬਾਬਾ ਵਿੱਚ ਬਹੁਤ ਪਿਆਰ ਹੈ, ਅਸੀਂ ਇੰਨੇ ਘੰਟੇ ਬਾਬਾ ਨੂੰ ਯਾਦ ਕਰਦੇ ਹਾਂ। ਬਾਬਾ ਕਹਿੰਦੇ ਹਨ ਮੈਂ ਵੀ ਪੂਰਾ ਯਾਦ ਨਹੀਂ ਕਰਦਾ ਹਾਂ। ਮੈਂ ਤਾਂ ਇੱਕ ਹੀ ਸਿਕੀਲੱਧਾ ਬੱਚਾ ਹਾਂ ਫਿਰ ਵੀ ਮੈਂ ਪੁਰਸ਼ਾਰਥ ਬਹੁਤ ਕਰਦਾ ਹਾਂ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਅਰਪਣ ਹੋਣ ਦੇ ਨਾਲ - ਨਾਲ ਆਪਣੀ ਬੁੱਧੀ ਨੂੰ ਵਿਸ਼ਾਲ ਬਣਾਉਣਾ ਹੈ। ਉੱਚ ਪਦਵੀ ਦੇ ਲਈ ਚੰਗੀ ਤਰ੍ਹਾਂ ਧਾਰਨਾ ਕਰਨੀ ਅਤੇ ਕਰਾਉਣੀ ਹੈ।

2. ਬਾਪ ਸਮਾਨ ਨਿਰਹੰਕਾਰੀ ਬਣਨਾ ਹੈ। ਹੰਕਾਰ ਛੱਡ ਬਾਪ ਨਾਲ ਅਤਿ ਲਵ ਅਤੇ ਰਿਗਾਰ੍ਡ ਰੱਖਣਾ ਹੈ। ਦੇਹ - ਅਭਿਮਾਨ ਵਿੱਚ ਨਹੀਂ ਆਉਣਾ ਹੈ।

ਵਰਦਾਨ:- ਮਾਲਿਕ ਬਣ ਕਰਮਇੰਦਰੀਆਂ ਤੋਂ ਕਰਮ ਕਰਾਉਣ ਵਾਲੇ ਕਰਮਯੋਗੀ, ਕਰਮਬੰਧੰਨਮੁਕਤ ਭਵ

ਬ੍ਰਾਹਮਣ ਜੀਵਨ ਕਰਮਬੰਧੰਨ ਦਾ ਜੀਵਨ ਨਹੀਂ, ਕਰਮਯੋਗੀ ਜੀਵਨ ਹੈ। ਕਰਮਇੰਦਰੀਆਂ ਦੇ ਮਾਲਿਕ ਬਣ ਜੋ ਚਾਹੋ, ਜਿਵੇਂ ਚਾਹੋ, ਜਿਨਾਂ ਸਮਾਂ ਕਰਮ ਕਰਨਾ ਚਾਹੋ ਉਵੇਂ ਕਰਮਇੰਦਰੀਆਂ ਤੋਂ ਕਰਾਉਂਦੇ ਚੱਲੋ ਤਾਂ ਬ੍ਰਾਹਮਣ ਸੋ ਫਰਿਸ਼ਤਾ ਬਣ ਜਾਓਗੇ। ਕਰਮਬੰਧਨ ਸਮਾਪਤ ਹੋ ਜਾਏਗਾ। ਇਹ ਦੇਹ ਸੇਵਾ ਦੇ ਅਰਥ ਮਿਲੀ ਹੈ, ਕਰਮਬੰਧੰਨ ਦੇ ਹਿਸਾਬ - ਕਿਤਾਬ ਦੀ ਜੀਵਨ ਸਮਾਪਤ ਹੋਈ। ਪੁਰਾਣੀ ਦੇਹ ਅਤੇ ਦੇਹ ਦੀ ਦੁਨੀਆਂ ਦਾ ਸੰਬੰਧ ਸਮਾਪਤ ਹੋਇਆ, ਇਸਲਈ ਇਸ ਨੂੰ ਮਰਜੀਵਾ ਜੀਵਨ ਕਹਿੰਦੇ ਹਨ।

ਸਲੋਗਨ:- ਦਿਲਾਰਾਮ ਦੇ ਸਾਥ ਦਾ ਅਨੁਭਵ ਕਰਨਾ ਹੈ ਤਾਂ ਸਾਕਸ਼ੀਪਨ ਦੀ ਸਥਿਤੀ ਵਿੱਚ ਰਹੋ।

******